# ਪਿੰਡ ਕੋਟਲੀ ਖੁਰਦ ਵਿਖੇ ਮੈਡੀਕਲ ਜਾਂਚ ਕੈਂਪ ਲਾਇਆ

ਪੱਤਰ ਪ੍ਰੇਰਕ

ਮਾਨਸਾ, 3 ਨਵੰਬਰ

ਪਿੰਡ ਕੋਟਲੀ ਖੁਰਦ ਵਿਖੇ ਤਲਵੰਡੀ ਸਾਬੋ ਪਾਵਰ ਲਿਮਟਿਡ ਵੱਲੋਂ ਮੈਡੀਕਲ ਕੈਂਪ ਲਾਇਆ ਗਿਆ। ਇਸ ਵਿੱਚ ਤਿੰਨ ਸੌ ਦੇ ਕਰੀਬ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

ਵੇਦਾਂਤਾ ਗਰੁੱਪ ਦੇ ਕਮਾਂਡੈਂਟ ਪੀ.ਸੀ. ਦਾਸ ਅਤੇ ਪੀ.ਆਰ.ਓ. ਸੋਨਮ ਮਹਿਤਾ ਨੇ ਦੱਸਿਆ ਕਿ ਪੀ.ਐਚ.ਜੀ. ਗ੍ਰਾਮੀਣ ਵਿਕਾਸ ਸੰਗਠਨ ਨਾਲ ਮਿਲ ਕੇ ਕੋਟਲੀ ਖੁਰਦ ਤੇ ਬਹਿਣੀਵਾਲ ਵਿਖੇ ਕੈਂਪ ਲਾਏ ਗਏ। ਇਸ ਵਿੱਚ ਡਾ. ਰਾਜ ਕੁਮਾਰ ਨੇ ਲੋਕਾਂ ਦੀ ਜਾਂਚ ਕੀਤੀ। ਕਮਾਂਡਰ ਪੀ.ਸੀ. ਦਾਸ ਨੇ ਦੱਸਿਆ ਕਿ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪੀ.ਐਚ.ਜੀ ਗ੍ਰਾਮੀਣ ਵਿਕਾਸ ਪ੍ਰਤੀਸ਼ਠਾਨ ਨਵੀਂ ਦਿੱਲੀ ਤੇ ਵੇਦਾਂਤਾ ਗਰੁੱਪ ਵੱਲੋਂ ਇਕੱਠੇ ਰੂਪ ਵਿੱਚ ਜਿਹੜੀ ਮੋਬਾਈਲ ਮੈਡੀਕਲ ਵੈਨ ਪਹੁੰਚੀ ਹੈ, ਉਸ ਵਿੱਚ ਹਸਪਤਾਲ ਵਾਲੀਆਂ ਸਾਰੀਆਂ ਸਹੂਲਤਾਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਡਾ. ਰਾਜ ਕੁਮਾਰ ਖੇਤਰਪਾਲ ਨੇ ਮਰੀਜ਼ਾਂ ਦਾ ਮੁਆਇਨਾ ਕੀਤਾ।

ਵੇਦਾਂਤਾ ਗਰੁੱਪ ਦੇ ਪੀ.ਆਰ.ਓ. ਮਹਿਤਾ ਨੇ ਕਿਹਾ ਕਿ ਅਗਲੇ ਤਿੰਨ ਦਿਨਾਂ ਵਿੱਚ ਅੱਠ ਪਿੰਡਾਂ ਵਿੱਚ ਕੈਂਪ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਸਾਡਾ ਟੀਚਾ 2000 ਦੇ ਕਰੀਬ ਮਰੀਜ਼ਾਂ ਨੂੰ ਚੈਕਅੱਪ ਕਰਨ ਤੇ ਦਵਾਈਆਂ ਦੇਣ ਦਾ ਹੈ। ਉਨ੍ਹਾਂ ਕਿ ਬਣਾਂਵਾਲੀ ਥਰਮਲ ਦੇ ਆਸਪਾਸ 40 ਦੇ ਕਰੀਬ ਪਿੰਡਾਂ ਦੀ ਚੋਣ ਕੀਤੀ ਗਈ ਹੈ, ਜਿੱਥੇ ਕੈਂਪ ਲਾ ਕੇ ਲੋਕਾਂ ਨੂੰ ਦਵਾਈਆਂ ਵੰਡੀਆਂ ਜਾਣਗੀਆਂ।

ਇਸ ਮੌਕੇ ਸਰਪੰਚ ਸਾਧਾ ਸਿੰਘ, ਹਰਮੇਲ ਸਿੰਘ, ਅਵਤਾਰ ਸਿੰਘ, ਜਸਵੀਰ ਸਿੰਘ ਤੇ ਅਮਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ।



ਪਿੰਡ ਕੋਟਲੀ ਖੁਰਦ ਵਿਖੇ ਮੈਡੀਕਲ ਕੈਂਪ ਦੌਰਾਨ ਮਰੀਜ਼ਾਂ ਦਾ ਮੁਆਇਨਾ ਕਰਦੇ ਡਾਕਟਰ (ਫੋਟੋ: ਮਾਨ)